# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ

# ਪ੍ਰੈਸ ਨੋਟ

# ਮੇਅਰ ਸ਼ਿਵ ਸੂਦ ਨੇ ਵਾਰਡ ਨੰ: 13 ਦਾ ਦੌਰਾ ਕਰਕੇ ਮੁਸ਼ਕਿਲਾਂ ਸਬੰਧੀ ਜਾਣਕਾਰੀ ਲਈ।

ਹੁਸ਼ਿਆਰਪੁਰ 21 ਜੁਲਾਈ ਨਗਰ ਨਿਗਮ ਦੇ ਵੱਖ ਵੱਖ ਵਾਰਡਾਂ ਵਿੱਚ ਹੋ ਰਹੇ ਵਿਕਾਸ ਕਾਰਜਾਂ ਅਤੇ ਮੁਸ਼ਕਲਾਂ ਸਬੰਧੀ ਜਾਣਕਾਰੀ ਲੈਣ ਲਈ ਮੇਅਰ ਸ਼ਿਵ ਸੂਦ ਵੱਲੋ ਹਰ ਰੋਜ਼ ਸਵੇਰੇ ਇਕ ਵਾਰਡ ਦਾ ਦੌਰਾ ਕੀਤਾ ਜਾ ਰਿਹਾ ਹੈ।ਇਸ ਮੁਹਿੰਮ ਤਹਿਤ ਅੱਜ ਉਹਨ੍ਹਾਂ ਨੇ ਵਾਰਡ ਨੰ: 13 ਦੀਆਂ ਮੁਸ਼ਕਲਾਂ ਸਬੰਧੀ ਜਾਣਕਾਰੀ ਲੈਣ ਲਈ ਕੌਂਸਲਰ ਮੀਨੂੰ ਸੇਠੀ ਨੂੰ ਨਾਲ ਲੈ ਕੇ ਮੁਹੱਲਾ ਫਤਿਹਗੜ ਦਾ ਦੋਰਾ ਕੀਤਾ ਅਤੇ ਮੁਸ਼ਕਲਾਂ ਸਬੰਧੀ ਜਾਣਕਾਰੀ ਹਾਸਲ ਕੀਤੀ। ਕੌਂਸਲਰ ਮੀਨੂੰ ਸੇਠੀ ਨੇ ਦਸਿੱਆ ਕਿ ਫਤਿਹਗੜ ਦੀ ਚੱਕੀ ਵਾਲੀ ਗਲੀ ਵਿੱਚ ਬਰਸਾਤੀ ਪਾਣੀ ਦੀ ਨਿਕਾਸੀ ਠੀਕ ਢੰਗ ਨਾਲ ਨਹੀ ਹੋ ਰਹੀ ਅਤੇ ਗਲੀ ਵਿੱਚ ਪਏ ਸੀਵਰੇਜ਼ ਦੇ ਮੇਨ ਹੋਲ ਉੱਚੇ ਹੋਣ ਕਾਰਨ ਮੁਹਲਾ ਵਾਸੀਆਂ ਨੂੰ ਕਾਫੀ ਔਕੜ ਪੇਸ਼ ਆ ਰਹੀ ਹੈ।ਮੇਅਰ ਸ਼ਿਵ ਸੂਦ ਨੇ ਭਰੋਸਾ ਦੁਆਇਆ ਕਿ ਵਾਰਡ ਨੰਬਰ 13 ਦੇ ਮੁਹੱਲਾ ਫਤਿਹਗੜ ਦੀਆਂ ਮੁਸ਼ਕਲਾਂ ਹੱਲ ਕਰਨ ਲਈ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਮੰਡਲ ਪ੍ਰਧਾਨ ਵਿਨੋਦ ਪਰਮਾਰ, ਕੌਸਲਰ ਰਮੇਸ਼ ਠਾਕੁਰ, ਪ੍ਰਸ਼ਾਂਤ ਸੇਠੀ ਵੀ ਇਸ ਮੌਕੇ ਤੇ ਹਾਜਰ ਸਨ।